ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਅੰਮ੍ਰਿਤਸਰ।

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ
ਸਰਕਾਰੀ ਸੀਨੀ.ਸੈਕੰ./ਹਾਈ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ:ਜੀ-3/2015- 2373
ਮਿਤੀ :- 26/10/15

ਵਿਸ਼ਾ : ਸਾਲ 2015-16 ਦੇ ਪ੍ਰੀਮੈਟ੍ਰਿਕ/ਪੋਸਟ ਮੈਟ੍ਰਿਕ (9ਵੀ ਜਮਾਤ ਤੋਂ 12ਵੀ ਜਮਾਤ ਤੱਕ) ਦੇ ਲਾਭਪਾਤਰੀ ਵਿਦਿਆਰਥੀਆਂ ਦੇ ਨੈਸ਼ਨਲ ਸਕਾਲਰਸਿਪ ਦੀ ਵੈਬਸਾਈਟ ਤੇ ਮਨਿਉਰਟੀ ਵਜੀਫਾ ਅਪਲਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2015-16 ਦੋਰਾਨ ਆਪ ਦੇ ਸਕੂਲ ਵਿੱਚ ਜਮਾਤ 9ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦੇ ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਦਾ ਵਜੀਫਾ ਨੈਸ਼ਨਲ ਸਕਾਲਰਸਿਪ ਤੇ ਅਪਲਾਈ ਕੀਤਾ ਜਾਣਾ ਸੀ ਜਿਸ ਸਬੰਧੀ ਵਿਭਾਗ ਵੱਲੋਂ ਪਹਿਲਾਂ ਵੀ ਇਸ ਸਬੰਧੀ ਜਾਣਕਾਰੀ ਆਪ ਨੂੰ ਭੇਜ ਦਿੱਤੀ ਗਈ ਸੀ। ਇਸ ਵੈਬਸਾਈਟ ਦੀ ਆਖਰੀ ਮਿਤੀ 31-10-2015 ਹੈ। ਇਸ ਲਈ ਸਕੂਲ ਮੁੱਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਮਿਤੀ ਤੋਂ ਪਹਿਲਾਂ-ਪਹਿਲਾਂ ਯੋਗ ਲਾਭਪਾਤਰੀਆਂ ਦਾ ਵਜੀਫਾ ਅਪਲਾਈ ਕਰਨਾ ਯਕੀਨੀ ਬਣਾਇਆ ਜਾਵੇ। ਜੇਕਰ ਕੋਈ ਯੋਗ ਲਾਭਪਾਤਰੀ ਸਕੀਮ ਦਾ ਲਾਭ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ/ਵਜੀਫਾ ਇੰਚਾਰਜ ਦੀ ਹੋਵੇਗੀ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਅੰਮ੍ਰਿਤਸਰ।
26/10/15